[redacted]


**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ**

ਛੇਵੀਂ ਮੰਜਿਲ ਬਲਾਕ-ਈ ਵਿੱਦਿਆ ਭਵਨ ਪੀ.ਐਸ.ਈ.ਬੀ. ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ

Email: directorscert@punjabeducation.gov.in | ਫੋਨ: 0172-2212221


# ਪਬਲਿਕ ਨੋਟਿਸ

**ਵਿਸ਼ਾ: ਸੈਸ਼ਨ 2026-27 ਲਈ ਪੰਜਵੀਂ ਜਮਾਤ ਲਈ ਅਧਿਐਨ ਦੀ ਸਕੀਮ।**

**ਮਿਤੀ:** 05/10/2026

ਸੈਸ਼ਨ 2026-27 ਲਈ ਕੇਵਲ ਈ ਪੰਜਾਬ ਪੋਰਟਲ ਤੇ ਰਜਿਸਟਰਡ ਪੰਜਾਬ ਰਾਜ ਦੇ ਸਮੂਹ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਾਲਾਨਾ ਮੁਲਾਂਕਣ ਮਾਰਚ 2027 ਤੇ ਮੁੜ-ਮੁਲਾਂਕਣ ਮਈ 2027 ਰਾਜ ਵਿੱਦਿਅਕ ਖੋਜ ਅਤੇ ਸਿਖਲਾਈ, ਪੰਜਾਬ ਵੱਲੋਂ ਕੰਡਕਟ ਕਰਵਾਇਆ ਜਾਵੇਗਾ, ਜਿਸ ਲਈ ਅਧਿਐਨ ਸਕੀਮ ਹੇਠ ਅਨੁਸਾਰ ਹੈ:

| ਲੜੀ ਨੰ: | ਵਿਸ਼ਾ | ਲਿਖਤੀ ਅੰਕ | ਸੀ.ਸੀ.ਈ. ਦੇ ਅੰਕ | ਕੁੱਲ |
|---|---|---|---|---|
| 1 | ਪਹਿਲੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ) | 80 | 20 | 100 |
| 2 | ਦੂਜੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ) | 80 | 20 | 100 |
| 3 | ਅੰਗਰੇਜ਼ੀ | 80 | 20 | 100 |
| 4 | ਗਣਿਤ | 80 | 20 | 100 |
| 5 | ਵਾਤਾਵਰਣ ਸਿੱਖਿਆ | 80 | 20 | 100 |

**ਨੋਟ:**

1. ਹਰੇਕ ਉਮੀਦਵਾਰ ਨੂੰ ਉਕਤ ਅਨੁਸਾਰ ਸਾਰੇ ਪੰਜ ਵਿਸ਼ਿਆਂ ਵਿੱਚ ਹਾਜ਼ਰ ਹੋਣਾ ਅਤੇ 33% ਅੰਕ ਪ੍ਰਾਪਤ ਕਰਨਾ ਲਾਜ਼ਮੀ ਹੈ।
2. ਪੰਜਵੀਂ ਸ਼੍ਰੇਣੀ ਲਈ ਨਿਰਧਾਰਿਤ ਸਕੀਮ ਆਫ ਸਟਡੀਜ਼ ਅਨੁਸਾਰ ਇਸ ਪ੍ਰੀਖਿਆ ਲਈ ਕੁਲ 500 ਅੰਕ (ਪ੍ਰਤੀ ਵਿਸ਼ਾ 20% ਅੰਕ ਸੀ.ਸੀ.ਏ. ਅੰਕਾ ਸਮੇਤ) ਨਿਰਧਾਰਿਤ ਹਨ।
3. ਮੁਲਾਂਕਣ ਵਿੱਚ ਪ੍ਰਮੋਟ ਹੋਣ ਲਈ ਪਰੀਖਿਆਰਥੀ ਵਲੋਂ ਹਰ ਵਿਸ਼ੇ ਦੀ ਲਿਖਤੀ ਪ੍ਰੀਖਿਆ ਅਤੇ ਸੀ.ਸੀ.ਈ. ਵਿੱਚ ਵੱਖਰੇ ਵੱਖਰੇ ਤੌਰ ਤੇ 33% ਅੰਕ ਪ੍ਰਾਪਤ ਕਰਨਾ ਲਾਜਮੀ ਹੋਵੇਗਾ।
4. ਜੇ ਕਰ ਕੋਈ ਵਿਦਿਆਰਥੀ ਪੰਜਾਬੀ/ਹਿੰਦੀ/ਉਰਦੂ ਪਹਿਲੀ ਭਾਸ਼ਾ ਵਜੋਂ ਲੈਂਦਾ ਹੈ ਤਾਂ ਵਿਦਿਆਰਥੀ ਉਹੀ ਵਿਸ਼ਾ ਦੂਜੀ ਭਾਸ਼ਾ ਵਜੋਂ ਨਹੀਂ ਲੈ ਸਕੇਗਾ।
5. ਵਿਲੱਖਣ ਸੰਮਰਥਾ ਵਾਲੇ ਵਿਦਿਆਰਥੀਆਂ ਦਾ ਮੁਲਾਂਕਣ ਅਤੇ ਮੁਲਾਂਕਣ ਟੂਲ ਸਕੂਲ ਪੱਧਰ ਤੇ ਤਿਆਰ ਕੀਤਾ ਜਾਵੇਗਾ।
6. ਕਿਉਂ ਜੋ ਸਾਲਾਨਾ ਮੁਲਾਂਕਣ ਮਾਰਚ-2027 ਅਤੇ ਮੁੜ ਮੁਲਾਂਕਣ ਮਈ 2027 ਦੇ ਈ ਸਰਟੀਫਿਕੇਟਾਂ ਤੇ ਵੇਰਵੇ ਉਹੀ ਉਕਰੇ ਜਾਣਗੇ ਜੋ ਈ ਪੰਜਾਬ ਪੋਰਟਲ ਤੇ ਉਪਲੱਬਧ ਹੋਣਗੇ ਸੋ ਇਸ ਲਈ ਈ ਪੰਜਾਬ ਪੋਰਟਲ ਤੇ ਵਿਦਿਆਰਥੀਆਂ ਦੇ ਵੇਰਵੇ ਧਿਆਨ ਨਾਲ ਮਿਤੀ 30-11-2026 ਤੱਕ ਸਹੀ ਕਰ ਲੈਣਾ ਯਕੀਨੀ ਬਣਾਇਆ ਜਾਵੇ ਇਸ ਤੋਂ ਬਾਅਦ ਹਰ ਕਿਸਮ ਦੀ ਦਰੁਸਤੀ ਦੀ ਜਿੰਮੇਵਾਰੀ ਸੰਬਧਤ ਸਕੂਲ ਮੁੱਖੀ ਦੀ ਹੋਵੇਗੀ।

**ਸਹਾਇਕ ਡਾਇਰੈਕਟਰ (ਪ੍ਰੀਖਿਆਵਾਂ)**

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ